# ਦਫਤਰ ਜਿਲ੍ਹਾ ਮੈਜਿਸਟਰੇਟ, ਰੂਪਨਗਰ।

## (ਫੁਟਕਲ ਸ਼ਾਖਾ)

**ਹੁਕਮ:**

ਮੇਰੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਰੂਪਨਗਰ ਵਿੱਚ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਕੱਚੀਆਂ ਖੂਹੀਆਂ ਅਤੇ ਟਿਊਬਵੈੱਲ ਲਗਾਉਣ ਲਈ ਟੋਏ ਪੁੱਟਣ ਸਮੇਂ ਕਈ ਵਿਅਕਤੀ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਕਾਰਨ ਆਮ ਜਨਤਾ ਦਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਅਜਿਹੀਆਂ ਦੁਰਘਟਨਾਵਾਂ ਨੂੰ ਰੋਕਣਾ ਲੋਕ ਹਿੱਤ ਵਿੱਚ ਜਰੂਰੀ ਹੈ।

ਇਸ ਲਈ ਮੈਂ ਜਗਵਿੰਦਰਜੀਤ ਸਿੰਘ ਗਰੇਵਾਲ, ਪੀ.ਸੀ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਰੂਪਨਗਰ ਜਾਬਤਾ ਫੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੁਕਮ ਜਾਰੀ ਕਰਦਾ ਹਾਂ ਕਿ ਜਿਲ੍ਹਾ ਰੂਪਨਗਰ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕੋਈ ਵੀ ਵਿਅਕਤੀ ਸਬੰਧਤ ਉਪ ਮੰਡਲ ਮੈਜਿਸਟਰੇਟ, ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੀਵਰੇਜ ਬੋਰਡ, ਰੂਪਨਗਰ,ਕਾਰਜਕਾਰੀ ਇੰਜੀਨੀਅਰ ਪੰਜਾਬ ਸਟੇਟ ਟਿਊਵੈਲ ਕਾਰਪੋਰੇਸ਼ਨ, ਰੂਪਨਗਰ ਨੂੰ ਅਗੇਤੀ ਲਿਖਤੀ ਸੂਚਨਾ ਦੇਣ ਤੋਂ ਬਿਨਾਂ ਅਤੇ ਉਨ੍ਹਾਂ ਦੀ ਦੇਖ ਰੇਖ ਵਿੱਚ ਸੁਰੱਖਿਆ ਯਕੀਨੀ ਬਣਾਉਣ ਤੋਂ ਬਗੈਰ ਕੱਚੀਆਂ ਖੂਹੀਆਂ ਅਤੇ ਟਿਊਬਵੈਲ ਲਗਾਉਣ ਲਈ ਬੋਰ ਨਹੀਂ ਕਰੇਗਾ ਅਤੇ ਨਾ ਹੀ ਟੋਏ ਪੁੱਟੇਗਾ।

ਇਹ ਹੁਕਮ **ਮਿਤੀ 13-06-2019 ਤੋਂ 12-08-2019** ਤੱਕ ਲਾਗੂ ਰਹੇਗਾ

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕਰਕੇ ਆਪ ਜਨਤਾ ਦੇ ਨਾਮ ਤੇ ਜਾਰੀ ਕੀਤਾ ਜਾਂਦਾ ਹੈ। ਇਸ ਹੁਕਮ ਦਾ ਜਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ ਦੀ ਪ੍ਰਚਾਰ ਵੈਨ ਅਤੇ ਪ੍ਰੈਸ ਮੀਡੀਆ ਰਾਹੀਂ ਪ੍ਰਚਾਰ ਹੋਵੇ। ਇਸ ਹੁਕਮ ਦੀਆਂ ਨਕਲਾਂ ਸੀਨੀਅਰ ਪੁਲਿਸ ਕਪਤਾਨ/ਉਪ ਮੰਡਲ ਮੈਜਿਸਟਰੇਟਸ/ਤਹਿਸੀਲਦਾਰਾਂ/ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੀਵਰੇਜ ਬੋਰਡ, ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ/ਕਾਰਜ ਸਾਧਕ ਅਫਸਰ, ਨਗਰ ਕੌਸਲਾਂ ਦੇ ਦਫਤਰਾਂ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇ।

ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਰੂਪਨਗਰ ਅਤੇ ਕਾਰਜਕਾਰੀ ਇੰਜੀਨੀਅਰ/ ਜਲ ਸਪਲਾਈ ਅਤੇ ਸੀਵਰੇਜ ਬੋਰਡ/ ਕਾਰਜਕਾਰੀ ਇੰਜੀਨੀਅਰ ਪੰਜਾਬ ਸਟੇਟ ਟਿਊਵੈਲ ਕਾਰਪੋਰੇਸ਼ਨ ਰੂਪਨਗਰ/ ਸਮੂਹ ਕਾਰਜ ਸਾਧਕ ਅਫਸਰ ਨਗਰ ਕੌਂਸਲਾਂ/ਨਗਰ ਪੰਚਾਇਤਾਂ ਇਸ ਹੁਕਮ ਨੂੰ ਲਾਗੂ ਕਰਵਾਉਣ ਦੇ ਜਿੰਮੇਵਾਰ ਹੋਣਗੇ।

ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਅਧੀਨ ਅੱਜ ਮਿਤੀ 12-06-2019 ਨੂੰ ਜਾਰੀ ਕੀਤਾ ਗਿਆ।

ਸਹੀ/-
ਵਧੀਕ ਜਿਲ੍ਹਾ ਮੈਜਿਸਟਰੇਟ,
ਰੂਪਨਗਰ।

ਪਿੱਠ ਅੰਕਣ ਨੰ:12675-724/ਫਸ-1 ਮਿਤੀ 12-6-2019

ਇਸਦਾ ਇੱਕ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਗ੍ਰਿਹ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
4. ਡੀ.ਆਈ.ਜੀ., ਰੂਪਨਗਰ ਰੇਂਜ, ਰੂਪਨਗਰ।
5. ਡੀ.ਆਈ.ਜੀ., ਸੀ.ਆਈ.ਡੀ., ਪੰਜਾਬ, ਚੰਡੀਗੜ੍ਹ।
6. ਸਮੂਹ ਜਿਲ੍ਹਾ ਮੈਜਿਸਟਰੇਟ, ਅਜੀਤਗੜ੍ਹ (ਮੋਹਾਲੀ), ਪਟਿਆਲਾ, ਫਤਿਹਗੜ੍ਹ ਸਾਹਿਬ, ਸੰਗਰੂਰ, ਬਰਨਾਲਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜਪੁਰ, ਮਾਨਸਾ, ਮੋਗਾ, ਲੁਧਿਆਣਾ,ਜਲੰਧਰ, ਕਪੂਰਥਲਾ, ਤਰਨਤਾਰਨ, ਅਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਸਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ), ਫਾਜਿਲਕਾ, ਪਾਠਨਕੋਟ।
7. ਡਾਇਰੈਕਟਰ, ਆਲ ਇੰਡਿਆ ਰੇਡੀਓ, ਜਲੰਧਰ।
8. ਸੀਨੀਅਰ ਪੁਲਿਸ ਕਪਤਾਨ, ਰੂਪਨਗਰ (20 ਕਾਪੀਆਂ)
9. ਜਿਲ੍ਹਾ ਅਤੇ ਸੈਸ਼ਨ ਜੱਜ, ਰੂਪਨਗਰ।
10. ਉਪ ਮੰਡਲ ਮੈਜਿਸਟਰੇਟ, ਰੂਪਨਗਰ/ ਸ੍ਰੀ ਚਮਕੌਰ ਸਾਹਿਬ/ ਸ੍ਰੀ ਆਨੰਦਪੁਰ ਸਾਹਿਬ/ ਨੰਗਲ/ਮੋਰਿੰਡਾ
11. ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਰੂਪਨਗਰ।
12. ਜਿਲ੍ਹਾ ਲੋਕ ਸੰਪਰਕ ਅਫਸਰ, ਰੂਪਨਗਰ (15 ਕਾਪੀਆਂ)
13. ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਡਵੀਜਨ ਨੰ:2, ਰੂਪਨਗਰ/ਡਵੀਜਨ ਨੰ:1, ਸ੍ਰੀ ਆਨੰਦਪੁਰ ਸਾਹਿਬ।
14. ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੀਵਰੇਜ ਬੋਰਡ, ਰੂਪਨਗਰ।
15. ਕਾਰਜਕਾਰੀ ਇੰਜੀਨਿਅਰ, ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ, ਰੂਪਨਗਰ।
16. ਤਹਿਸੀਲਦਾਰ,ਰੂਪਨਗਰ,ਸ੍ਰੀ ਚਮਕੌਰ ਸਾਹਿਬ,ਸ੍ਰੀ ਅਨੰਦਪੁਰ ਸਾਹਿਬ,ਨੰਗਲ
17. ਬਲਾਕ ਵਿਕਾਸ ਤੇ ਪੰਚਾਇਤ ਅਫਸਰ,ਰੂਪਨਗਰ/ ਸ੍ਰੀ ਚਮਕੌਰ ਸਾਹਿਬ/ਮੋਰਿੰਡਾ/ਨੂਰਪੁਰ ਬੇਦੀ/ ਸ੍ਰੀ ਆਨੰਦਪੁਰ ਸਾਹਿਬ।
18. ਕਾਰਜ ਸਾਧਕ ਅਫਸਰ ਨਗਰ ਕੌਂਸਲ ਰੂਪਨਗਰ/ਸ੍ਰੀ ਅਨੰਦਪੁਰ ਸਾਹਿਬ/ਮੋਰਿੰਡਾ/ਨੰਗਲ
19. ਕਾਰਜ ਸਾਧਕ ਅਫਸਰ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ/ ਕੀਰਤਪੁਰ ਸਾਹਿਬ।
20. ਜਿਲ੍ਹਾ ਸੂਚਨਾਂ ਅਫਸਰ, ਰੂਪਨਗਰ।
21. ਪੀ.ਏ. ਟੂ ਡੀ.ਐਮ.,/ਏ.ਡੀ.ਐਮ., ਰੂਪਨਗਰ

ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਕਮਿਸ਼ਨਰ(ਸਿਕਾ/ਜ)
ਵਾ ਡਿਪਟੀ ਕਮਿਸ਼ਨਰ
ਰੂਪਨਗਰ।